**ਪੰਜਾਬ ਸਰਕਾਰ**
**ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ**
**(ਅਮਲਾ-3 ਸ਼ਾਖਾ)**

ਹੁਕਮ

ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਵਿੱਚ ਕੰਮ ਕਰ ਰਹੇ ਹੇਠ ਲਿਖੇ ਨਿਰੀਖਕ ਗ੍ਰੇਡ-1, ਸੀਨੀਅਰ ਸਹਾਇਕ/ਜੂਨੀਅਰ ਆਡੀਟਰਾਂ ਨੂੰ ਰੁਪਏ 10300-34800+4800 ਦੇ ਤਨਖਾਹ ਸਕੇਲ ਵਿੱਚ ਬਤੌਰ ਸਹਾਇਕ ਖੁਰਾਕ ਤੇ ਸਪਲਾਈਜ਼ ਅਫਸਰ (ਸ.ਖ.ਸ.ਅ.), ਤਦ-ਅਰਥ ਅਧਾਰ ਤੇ ਪਦ-ਉੱਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਕੈਟਾਗਰੀ ਦਾ ਨਾਮ | ਕਰਮਚਾਰੀ ਦਾ ਨਾਮ/ ਪਿਤਾ ਦਾ ਨਾਮ (ਸ੍ਰੀ/ਸ੍ਰੀਮਤੀ) | ਸੀਨੀਆਰਤਾ ਨੰਬਰ | ਵਿਸ਼ੇਸ ਕਥਨ |
|---|---|---|---|---|
| 1 | ਨਿ:ਗ੍ਰੇਡ-1 ਜਨਰਲ (ਹੀ.ਹੈ) | ਜਸਪ੍ਰੀਤ ਸਿੰਘ ਬਰਾੜ/ ਹਰਜੀਤ ਸਿੰਘ | 2560 (ਟੈਂਟੇਟਿਵ) | ਨੁਕਤਾ ਨੰ: 640 ਜੋ ਕਿ H.H. ਲਈ ਰਾਂਖਵਾਂ ਹੈ, ਵਿਰੁੱਧ ਹੁਣ ਦੀ ਮਿਤੀ ਤੋਂ। |
| 2 | ਨਿ:ਗ੍ਰੇਡ-1 (ਜਨਰਲ) | ਮਨਪ੍ਰੀਤ ਸਿੰਘ/ ਗੁਰਨੇਕ ਸਿੰਘ | 1927 | ਤਰੱਕੀ ਹੁਣ ਦੀ ਮਿਤੀ ਤੋਂ |
| 3 | ਨਿ:ਗ੍ਰੇਡ-1 (ਜਨਰਲ) | ਰਾਜਦੀਪਕ/ ਰਜਿੰਦਰਪਾਲ | 1933 | ਤਰੱਕੀ ਮਿਤੀ 21-12-16 ਤੋਂ (ਜਿਸ ਮਿਤੀ ਤੋਂ ਉਸ ਤੋਂ ਜੂਨੀਅਰ ਕਰਮਚਾਰੀਆਂ ਨੂੰ ਤਰੱਕੀ ਦਿੱਤੀ ਗਈ ਸੀ) |
| 4 | ਨਿ:ਗ੍ਰੇਡ-1 (ਅ:ਜਾਤੀ) | ਮਨਿੰਦਰ ਸਿੰਘ/ ਜਗਜੀਤ ਸਿੰਘ | 1955 | -ਉਹੀ- |
| 5 | ਨਿ:ਗ੍ਰੇਡ-1 (ਜਨਰਲ) | ਸ਼ਮਾਂ/ ਪ੍ਰੇਮ ਸਾਗਰ | 1940 | ਤਰੱਕੀ ਹੁਣ ਦੀ ਮਿਤੀ ਤੋਂ |
| 6 | ਮਨਿ(ਫੀਲਡ) ਜੂ.ਆਡੀਟਰ (ਜਨਰਲ) | ਅਮਰਜੀਤ ਕੌਰ/ ਹਰਬੰਸ ਸਿੰਘ | 463 | -ਉਹੀ- |
| 7 | ਨਿ:ਗ੍ਰੇਡ-1 (ਜਨਰਲ) | ਜਸਪਾਲ ਕੌਰ/ ਅਮਰਿੰਦਰਜੀਤ ਸਿੰਘ | 1941 | -ਉਹੀ- |
| 8 | ਨਿ:ਗ੍ਰੇਡ-1 (ਜਨਰਲ) | ਹਰਸ਼ਿਤ ਮਹਿਤਾ/ ਕੈਲਾਸ਼ ਮਹਿਤਾ | 1945 | -ਉਹੀ- |
| 9 | ਨਿ:ਗ੍ਰੇਡ-1 (ਜਨਰਲ) | ਸੰਦੀਪ ਸਿੰਘ/ ਗੁਰਦੀਪ ਸਿੰਘ | 1946 | -ਉਹੀ- |
| 10 | ਨਿ:ਗ੍ਰੇਡ-1 (ਜਨਰਲ) | ਨਿਤਿਨ ਕਾਲੀਆ/ ਧਰਮਪਾਲ ਕਾਲੀਆ | 1947 | -ਉਹੀ- |
| 11 | ਮਨਿ(ਫੀਲਡ) ਜੂ.ਆਡੀਟਰ (ਅ:ਜਾਤੀ) | ਦਿਲਬਾਗ ਸਿੰਘ/ ਲੇਟ ਸ਼੍ਰੀ ਹਰਨੇਕ ਸਿੰਘ | 500 | -ਉਹੀ- |
| 12 | ਨਿ:ਗ੍ਰੇਡ-1 (ਜਨਰਲ) | ਦਿਨੇਸ਼ ਕੁਮਾਰ/ ਆਦਰਸ਼ ਕੁਮਾਰ | 1949 | -ਉਹੀ- |
| 13 | ਨਿ:ਗ੍ਰੇਡ-1 (ਜਨਰਲ) | ਜਤਿੰਦਰ ਸਿੰਘ/ ਗੁਰਦੀਸ਼ ਸਿੰਘ | 1950 | -ਉਹੀ- |
| 14 | ਨਿ:ਗ੍ਰੇਡ-1 (ਜਨਰਲ) | ਸ਼ਿਲਪਾ ਗੋਇਲ/ ਵਿਜੇ ਗੋਇਲ | 1951 | -ਉਹੀ- |
| 15 | ਨਿ:ਗ੍ਰੇਡ-1 (ਜਨਰਲ) | ਜਸਪਾਲ ਸਿੰਘ/ ਕਰਨੈਲ ਸਿੰਘ | 1952 | -ਉਹੀ- |
| 16 | ਨਿ:ਗ੍ਰੇਡ-1 (ਜਨਰਲ) | ਸੰਜੀਵ ਭਾਟੀਆ/ ਅਸ਼ੋਕ ਭਾਟੀਆ | 1956 | -ਉਹੀ- |
| 17 | ਮਨਿ(ਮੁ/ਦ) ਸੀ.ਸਹਾਇਕ (ਅ:ਜਾਤੀ) | ਸੁਖਦੇਵ ਸਿੰਘ/ ਗੁਰਬਖਸ਼ ਸਿੰਘ | 215 | -ਉਹੀ- |
| 18 | ਨਿ:ਗ੍ਰੇਡ-1 (ਜਨਰਲ) | ਮੋਹਨਜੀਤ ਸਿੰਘ/ ਕੁਲਦੀਪ ਸਿੰਘ | 1959 | -ਉਹੀ- |
| 19 | ਨਿ:ਗ੍ਰੇਡ-1 (ਜਨਰਲ) | ਅਰਸ਼ਦੀਪ ਸਿੰਘ/ ਸੁਰਿੰਦਰਪਾਲ ਸਿੰਘ | 1960 | -ਉਹੀ- |

ਇਹ ਤਰੱਕੀਆਂ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਹੋਣਗੀਆਂ:-

ਇਹ ਤਰੱਕੀਆਂ ਨਿਰੋਲ ਆਰਜੀ ਅਧਾਰ ਤੇ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਨਾਲ ਪੱਕੇ ਤੌਰ ਤੇ ਰਹਿਣ ਦਾ ਕੋਈ ਇਕਰਾਰ ਨਹੀ ਹੈ। ਮੁੱਖ ਦਫਤਰ ਵਿਖੇ ਮਿਤੀ 04-06-1995 ਨੂੰ ਲੱਗੀ

3/4/18.

ਅੱਗ ਵਿੱਚ ਰਿਕਾਰਡ ਨਸ਼ਟ ਹੋ ਗਿਆ ਸੀ। ਇਹ ਤਰੱਕੀਆਂ ਵੱਖ-ਵੱਖ ਸ਼ਾਖਾਵਾਂ ਤੋਂ ਪ੍ਰਾਪਤ ਰਿਪੋਰਟਾਂ ਦੇ ਅਧਾਰ ਤੇ ਅਧਾਰਿਤ ਹਨ। ਜੇਕਰ ਪਹਿਲਾਂ ਪ੍ਰਾਪਤ ਹੋਈ ਸੂਚਨਾ ਵਿੱਚ ਕਿਸੇ ਸਟੇਜ ਤੇ ਕੋਈ ਤਬਦੀਲੀ/ਬਦਲਾਅ ਪਾਇਆ ਗਿਆ/ਹੋਇਆ ਅਤੇ ਕਿਸੇ ਕਰਮਚਾਰੀ ਵਿਰੁੱਧ ਪ੍ਰਸਾਸਨਿਕ ਕੇਸ ਜਾਂ ਉਸ ਦੇ ਸਜਾ ਅਧੀਨ ਹੋਣ ਬਾਰੇ ਬਾਅਦ ਵਿੱਚ ਪਤਾ ਲੱਗਦਾ ਹੈ ਤਾਂ ਉਸ ਦੀ ਰਿਵਰਸ਼ਨ ਬਿਨ੍ਹਾਂ ਕਿਸੇ ਕਾਰਣ ਦੱਸਦੇ ਹੋਏ ਤਰੱਕੀ ਦੀ ਮਿਤੀ ਤੋਂ ਕੀਤੀ ਜਾਵੇਗੀ ਅਤੇ ਦਿੱਤੇ ਲਾਭ ਵਾਪਿਸ ਲੈ ਲਏ ਜਾਣਗੇ, ਜਿਸ ਬਾਰੇ ਕਰਮਚਾਰੀ ਕੋਈ ਕਲੇਮ ਨਹੀ ਕਰ ਸਕੇਗਾ।

2. ਜੇਕਰ ਉਪਰੋਕਤ ਕਰਮਚਾਰੀਆਂ ਤੋਂ ਕੋਈ ਸੀਨੀਅਰ ਕਰਮਚਾਰੀ ਅਦਾਲਤੀ ਕੇਸ ਜਾਂ ਵਿਭਾਗੀ ਪ੍ਰਸਾਸਨਿਕ ਕਾਰਵਾਈ ਜਾਂ ਸੀਨੀਆਰਤਾ ਪ੍ਰਤੀ ਕੇਸ ਜੋ ਵੀ ਲੰਬਿਤ ਹੋਵੇ, ਵਿੱਚ ਦੋਸ਼ ਮੁਕਤ ਹੋ ਜਾਂਦੇ ਹਨ ਜਾਂ ਸੀਨੀਅਰ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀ ਤਰੱਕੀ ਉਸ ਮਿਤੀ ਤੋਂ ਦਿੱਤੀ ਜਾਵੇਗੀ, ਜਿਸ ਮਿਤੀ ਤੋਂ ਉਨ੍ਹਾਂ ਦੇ ਜੂਨੀਅਰ ਕਰਮਚਾਰੀ ਨੂੰ ਤਰੱਕੀ ਦਿੱਤੀ ਗਈ ਹੈ। ਅਜਿਹੀ ਸੂਰਤ ਵਿੱਚ ਸਭ ਤੋਂ ਜੂਨੀਅਰ ਕਰਮਚਾਰੀ ਨੂੰ ਬਿਨ੍ਹਾਂ ਕੋਈ ਨੋਟਿਸ ਦਿੱਤੇ ਰਿਵਰਟ ਕਰ ਦਿੱਤਾ ਜਾਵੇਗਾ। ਜੇਕਰ ਉਕਤ ਕਰਮਚਾਰੀਆਂ ਵਿਰੁੱਧ ਮੌਜੂਦਾ ਸਮੇਂ ਦਾ ਕੋਈ ਪ੍ਰਸ਼ਾਸਨਿਕ ਕੇਸ ਆਦਿ ਬਾਅਦ ਵਿੱਚ ਨੋਟਿਸ ਵਿੱਚ ਆਉਂਦਾ ਹੈ ਤਾਂ ਉਸ ਦੀ ਰਿਵਰਸ਼ਨ ਬਿਨ੍ਹਾਂ ਨੋਟਿਸ ਦੇ ਕਰ ਦਿੱਤੀ ਜਾਵੇਗੀ, ਜਿਸ ਲਈ ਉਹ ਕੋਈ ਕਲੇਮ ਕਰਨ ਦਾ ਹੱਕਦਾਰ ਨਹੀ ਹੋਵੇਗਾ।

3. ਇਹ ਪਦ ਉਨਤੀਆਂ ਸਿਵਲ ਰਿੱਟ ਪਟੀਸ਼ਨ ਨੰਬਰ 18752/1992- ਸ੍ਰੀ ਬਲਵਿੰਦਰ ਅਤੇ ਹੋਰ ਬਨਾਮ ਸਰਕਾਰ, ਰਿੱਟ ਨੰਬਰ 3588/1991- ਸ੍ਰੀ ਨਿਰਮਲ ਸਿੰਘ ਅਤੇ ਹੋਰ ਬਨਾਮ ਸਰਕਾਰ, ਰਿੱਟ ਪਟੀਸ਼ਨ ਨੰਬਰ 1023/1998 ਅਤੇ ਰਿੱਟ ਨੰਬਰ 7342/1999- ਸ੍ਰੀ ਸਤਪਾਲ ਜੋਸ਼ੀ, ਵੱਖ-ਵੱਖ ਅਦਾਲਤਾਂ ਵਿੱਚ ਪੈਂਡਿੰਗ ਹਨ, ਇਨ੍ਹਾਂ ਲੰਬਿਤ ਅਦਾਲਤੀ ਕੇਸਾਂ ਦੇ ਫੈਸਲਿਆਂ ਦੀ ਸ਼ਰਤ ਤੇ ਇਹ ਤਰੱਕੀਆਂ ਨਿਰਭਰ ਹੋਣਗੀਆਂ। ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ (ਪੀ.ਪੀ.-1 ਸ਼ਾਖਾ) ਵੱਲੋ ਮਿਤੀ 11-03-2003 ਨੂੰ ਜਾਰੀ ਪੱਤਰ ਅਨੁਸਾਰ ਹਦਾਇਤਾਂ ਲਾਗੂ ਰਹਿਣਗੀਆਂ। ਇਹ ਤਰੱਕੀਆਂ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ, ਵਿਭਾਗ ਪੰਜਾਬ (ਪੀ.ਪੀ.-1 ਸ਼ਾਖਾ) ਵੱਲੋ ਮਿਤੀ 13-10-2009 ਨੂੰ ਜਾਰੀ ਹਦਾਇਤਾਂ ਅਨੁਸਾਰ ਹੀ ਕੀਤੀਆਂ ਗਈਆਂ ਹਨ।

4. ਨੁਕਤਾ ਨੰਬਰ 851 ਜੋ ਕਿ ਅ:ਜਾਤੀ ਨਾਲ ਸਬੰਧਤ ਹੈ, ਯੋਗ ਉਮੀਦਵਾਰ ਉਪਲਬਧ ਨਾ ਹੋਣ ਕਰਕੇ ਲੰਬਿਤ ਰੱਖਿਆ ਜਾਂਦਾ ਹੈ।

5. ਉਪਰੋਕਤ ਕਰਮਚਾਰੀਆਂ ਦੀ ਸੀਨੀਆਰਤਾ, ਸਹਾਇਕ ਖੁਰਾਕ ਤੇ ਸਪਲਾਈ ਅਫਸਰ ਦੇ ਕਾਡਰ ਵਿੱਚ ਬਾਅਦ ਵਿੱਚ ਨਿਸ਼ਚਿਤ ਕੀਤੀ ਜਾਵੇਗੀ।

6. ਇਨ੍ਹਾਂ ਕਰਮਚਾਰੀਆਂ ਦੀ ਪੋਸਟਿੰਗ ਸਬੰਧੀ ਹੁਕਮ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

ਮਿਤੀ: ਚੰਡੀਗੜ੍ਹ
30-03-2018

ਕੇ.ਏ.ਪੀ. ਸਿਨਹਾ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਖੁਰਾਕ ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਪਿੱਠ ਅੰਕਣ ਨੰਬਰ 5/4/15-ਅ3(3)(ਤਰੱਕੀਆਂ)2018/667 ਮਿਤੀ: 03/04/2018.

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਉਪਰੋਕਤ ਦਰਸਾਏ ਸਮੂਹ ਕਰਮਚਾਰੀ ਮਾਰਫਤ ਸਬੰਧਤ ਜਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਪੰਜਾਬ ਰਾਜ ਵਿੱਚ ਅਤੇ ਲੜੀ ਨੰਬਰ 17 ਨੂੰ ਮਾਰਫਤ ਕੰਟਰੋਲਰ ਖੁਰਾਕ ਲੇਖਾ, ਮੁੱਖ ਦਫਤਰ।
2. ਸਮੂਹ ਜਿਲ੍ਹਾ ਕੰਟਰੋਲਰਜ਼, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਰਾਜ ਵਿੱਚ। ਨਾਲ ਨੱਥੀ ਹੁਕਮ ਆਪਣੇ-ਆਪਣੇ ਜਿਲ੍ਹੇ ਦੇ ਸਬੰਧਤ ਕਰਮਚਾਰੀਆਂ ਨੂੰ ਡਲਿਵਰ ਕਰਵਾਏ ਜਾਣ ਅਤੇ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।
3. ਸਮੂਹ ਡਿਪਟੀ ਡਾਇਰੈਕਟਰ (ਫੀਲਡ), ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਰਾਜ ਵਿੱਚ।
4. ਨਿੱਜੀ ਸਹਾਇਕ/ ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ, ਚੰਡੀਗੜ੍ਹ।
5. ਨਿੱਜੀ ਸਹਾਇਕ/ ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ।
6. ਮੁੱਖ ਦਫਤਰ ਦੇ ਸਮੂਹ ਅਧਿਕਾਰੀ ਸਾਹਿਬਾਨ ਅਤੇ ਸ਼ਾਖਾ ਇੰਚਾਰਜ।
7. ਮਾਸਟਰ ਮਿਸਲ ਲਈ।

3/4/18

ਡਿਪਟੀ ਡਾਇਰੈਕਟਰ (ਪ੍ਰ-3)
ਵਾ: ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।